# ਟੈਂਡਰ ਨੋਟਿਸ
## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਹੇਠ ਲਿਖੇ ਕੰਮਾਂ ਲਈ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਐਮ.ਈ.ਐਸ/ਸੀ.ਪੀ.ਡਬਲਯੂ.ਡੀ ਦੇ ਪ੍ਰਵਾਨਿਤ ਠੇਕੇਦਾਰਾਂ ਪਾਸੋਂ ਮੋਹਰਬੰਦ ਪ੍ਰਤੀਸ਼ਤ ਰੇਟ ਟੈਂਡਰ ਮੰਗੇ ਜਾਂਦੇ ਹਨ। ਟੈਂਡਰ ਫਾਰਮ ਮਿਤੀ 12-04-2024 ਤੋਂ ਲੈ ਕੇ ਮਿਤੀ 23-04-2024 ਤੱਕ ਦੁਪਹਿਰ 03:00 ਵਜੇ ਤੱਕ ਦਫਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੋਂ ਇਸੂ ਕੀਤੇ ਜਾਣਗੇ ਅਤੇ ਮਿਤੀ 24-04-2024 ਨੂੰ ਸਵੇਰ 11:00 ਵਜੇ ਤੱਕ ਰਸੀਵ ਕੀਤੇ ਜਾਣਗੇ। ਰਸੀਵ ਕੀਤੇ ਹੋਏ ਟੈਂਡਰ ਉਸੇ ਦਿਨ ਦੁਪਹਿਰ 12:00 ਵਜੇ ਇਕਤੱਰਤਾ ਘਰ, ਦਫਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ ਵਿਖੇ ਹਾਜਰ ਠੇਕੇਦਾਰਾਂ ਜਾਂ ਉਹਨਾਂ ਦੇ ਪ੍ਰਤੀਨਿਧਾਂ ਦੇ ਸਾਹਮਣੇ ਖੋਹਲੇ ਜਾਣਗੇ।

| ਸੀ: ਨੰ: | ਕੰਮ ਦਾ ਨਾਮ | ਅੰਦਾਜਨ ਲਾਗਤ | ਅਰਨੈਸਟ ਮਨੀ | ਸਮੇਂ ਦੀ ਹੱਦ | ਟੈਂਡਰ ਫੀਸ |
|---|---|---|---|---|---|
| 1 | ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਵਿਖੇ ਵੱਡਾ ਹਾਲ, ਮਲਟੀਪਰਪਜ ਸੈਮੀਨਾਰ ਹਾਲ ਅਤੇ ਲਾਇਬ੍ਰੇਰੀ ਦੀ ਉਸਾਰੀ ਸਬੰਧੀ। | 1,35,58,000/- ਥਰੂ ਰੇਟ | 2,71,200/- | 18 ਮਹੀਨੇ | 1000/- |
| 2 | ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨਾਲ ਸਬੰਧਤ ਸ੍ਰੀ ਗੁਰੂ ਅਰਜਨ ਦੇਵ ਜੀ ਨਿਵਾਸ ਦੇ ਕਮਰਿਆਂ, ਗੈਲਰੀਆਂ ਅਤੇ ਬਾਥਰੂਮਾਂ ਆਦਿ ਦੀ ਰੈਨੋਵੇਸ਼ਨ ਕਰਨ ਸਬੰਧੀ। | 1,05,64,672/- ਥਰੂ ਰੇਟ | 2,11,300/- | 18 ਮਹੀਨੇ | 1000/- |
| 3 | ਪੰਥ ਰਤਨ ਜਥੇ: ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਅਡਵਾਂਸਡ ਸਟੱਡੀਜ ਇੰਨ ਸਿੱਖਇਜ਼ਮ ਬਹਾਦਰਗੜ੍ਹ (ਪਟਿਆਲਾ) ਵਿਖੇ ਜੁਡੀਸ਼ੀਅਲ ਅਕੈਡਮੀ ਲਈ ਕਲਾਸ ਰੂਮ ਅਤੇ ਰਿਹਾਇਸ਼ੀ ਹੋਸਟਲ ਤਿਆਰ ਕਰਨ ਸਬੰਧੀ। | 71,00,000/- ਥਰੂ ਰੇਟ | 1,42,000/- | 04 ਮਹੀਨੇ | 1000/- |
| 4 | ਗੁ: ਸੰਤਪੁਰੀ ਕਲ੍ਹਾਂ, ਗੰਡੀਵਿੰਡ (ਤਰਨ ਤਾਰਨ) ਵਿਖੇ ਦੀਵਾਨ ਹਾਲ ਬਨਾਉਣ ਸਬੰਧੀ। | 38,52,000/- ਥਰੂ ਰੇਟ | 77,000/- | 09 ਮਹੀਨੇ | 1000/- |
| 5 | ਭਾਈ ਨੰਦ ਲਾਲ ਪਬਲਿਕ ਸਕੂਲ, ਸ੍ਰੀ ਅਨੰਦਪੁਰ ਸਾਹਿਬ, ਰੋਪੜ ਦੀ ਪਹਿਲੀ ਮੰਜਿਲਪੁਰ 10 ਨਵੇਂ ਕਮਰੇ ਅਤੇ ਇੱਕ ਬਾਥਰੂਮ ਸੈੱਟ (ਕੁੜੀਆਂ ਅਤੇ ਮੁੰਡੇ) ਬਨਾਉਣ ਸਬੰਧੀ | 29,70,000/- ਲੇਬਰ ਰੇਟ | 59,400/- | 12 ਮਹੀਨੇ | 1000/- |

ਸ਼ਰਤਾਂ :-

1) ਅਰਨੈਸਟ ਮਨੀ ਕਿਸੇ ਸੂਚੀਬੱਧ ਬੈਂਕ ਕੇਵਲ ਡਰਾਫਟ ਦੀ ਸ਼ਕਲ ਵਿੱਚ ਸਕੱਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਹੱਕ ਵਿੱਚ ਸਵੀਕਾਰ ਕੀਤੀ ਜਾਵੇਗੀ। ਬਗੈਰ ਅਰਨੈਸਟ ਮਨੀ ਟੈਂਡਰ ਨਹੀਂ ਵਿਚਾਰੇ ਜਾਣਗੇ।
2) ਨਿਮਨ ਹਸਤਾਖਰੀ ਨੂੰ ਕੋਈ ਜਾਂ ਸਾਰੇ ਟੈਂਡਰ ਬਿਨ੍ਹਾਂ ਕਾਰਣ ਦੱਸੇ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੋਵੇਗਾ।
3) ਸ਼ਰਤਾਂ ਵਾਲੇ ਟੈਂਡਰ ਰੱਦ ਕੀਤੇ ਜਾਣਗੇ।
4) ਟੈਂਡਰ ਫਾਰਮ ਏਜੰਸੀ ਵੱਲੋਂ ਇਨਲਿਸਟਮੈਂਟ ਦੀ ਕਾਪੀ ਅਤੇ ਪਿਛਲੇ ਤਿੰਨ ਸਾਲਾਂ ਦਾ ਇਨਕਮ ਟੈਂਕਸ ਕਲੀਅਰੈਂਸ ਸਰਟੀਫਿਕੇਟ ਪੇਸ਼ ਕਰਨ ਅਤੇ ਪਿਛਲੇ ਕੀਤੇ ਕੰਮਾਂ ਦੇ ਐਕਸੀਅਨ ਵੱਲੋਂ ਜਾਰੀ ਕੀਤੇ ਸਰਟੀਫਿਕੇਟਾਂ ਦੇ ਅਧਾਰਤ ਤੇ ਹੀ ਜਾਰੀ ਕੀਤੇ ਜਾਣਗੇ।
5) ਠੇਕੇਦਾਰ ਨੇ ਐਸਟੀਮੇਟ ਰਕਮ ਦਾ ਇੱਕ ਕੰਮ ਜਾਂ ਦੋ ਕੰਮ 80% ਰਕਮ ਦੇ ਕੀਤੇ ਹੋਣ।

ਸਕੱਤਰ,  
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,  
ਸ੍ਰੀ ਅੰਮ੍ਰਿਤਸਰ।

ਨੋਟ :- ਟੈਂਡਰਾਂ ਸਬੰਧੀ ਵਧੇਰੇ ਜਾਣਕਾਰੀ ਡਰਾਇੰਗ ਬ੍ਰਾਂਚ ਇਮਾਰਤੀ ਵਿਭਾਗ, ਸ਼੍ਰੋਮਣੀ ਗੁ: ਪ੍ਰ: ਕਮੇਟੀ ਤੋਂ ਦਫਤਰੀ ਸਮੇਂ ਦੌਰਾਨ ਲਈ ਜਾ ਸਕਦੀ ਹੈ।